ਸਤਿਕਾਰਯੋਗ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਅਦਬ ਸਹਿਤ ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹ ।

ਵਿਸ਼ਾ : **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਧ ਛਪਾਈ ਦਾ ਮਸਲਾ**

ਦੇਸ਼ ਵਿਦੇਸ਼ ਦੇ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਏ ਵਿੱਚ ਛਪੀਆਂ ਖ਼ਬਰਾਂ ਤੋਂ ਪਤਾ ਚਲਦਾ ਹੈ ਕਿ ਆਪ ਜੀ ਨੇ 23 ਮਾਰਚ 2022 ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਅਪੀਲ ਕੀਤੀ ਸੀ ਕਿ ਅਮਰੀਕਾ ਨਿਵਾਸੀ ਤੇ ਸਿੱਖ ਬੁੱਕ ਕਲਬ ਦੇ ਮੁਖੀ ਥਮਿੰਦਰ ਸਿੰਘ ਅਨੰਦ ਨਾਂ ਦੇ ਵਿਅਕਤੀ ਪ੍ਰਤੀ ਕਰੜੀ ਕਾਰਵਾਈ ਕੀਤੀ ਜਾਵੇ । ਆਪ ਜੀ ਦੇ ਕਹਿਣ ਮੁਤਾਬਿਕ ਜਥੇਦਾਰ ਜੀ ਨੇ ਉਸੇ ਦਿਨ ਹੀ ਉਸ ਵਿਅਕਤੀ ਨੂੰ ਮਿਸਾਲੀ ਸਜ਼ਾ ਦੇਣ ਦਾ ਬਿਆਨ ਜਾਰੀ ਕਰ ਦਿੱਤਾ, ਕਿਉਂਕਿ ਜਥੇਦਾਰ ਜੀ ਦੇ ਕਥਨ ਅਨੁਸਾਰ ਉਸ ਨੇ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਹੁੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਥਾਂ ਆਪਣੇ ਵੱਲੋਂ ਵਾਧੂ ਲਗਾਂ ਮਾਤਰਾਂ ਲਗਾ ਕੇ ਪਾਵਨ ਬੀੜ ਚੀਨ ਤੋਂ ਛਪਵਾਈ ਹੈ । ਉਹ ਪਾਵਨ ਬੀੜ ਨੂੰ ਬਿਦੇਸ਼ਾਂ ਵਿੱਚ ਕਿਸੇ ਕਿਸਮ ਦੀ ਭੇਟਾ ਰਹਿਤ ਵੰਡ ਵੀ ਰਿਹਾ ਹੈ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਸਿੱਖ ਬੁੱਕ ਕਲਬ ਦੀ ਐਪ ਉੱਤੇ ਉਸ ਪਾਵਨ ਬੀੜ ਦੀ ਪੀਡੀਐਫ਼ ਵੀ ਉਪਲਬਧ ਕਰਵਾਈ ਹੈ ।
ਜਥੇਦਾਰ ਜੀ ਵੱਲੋਂ ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਕੋਈ ਛੇ ਮੈਂਬਰੀ ਕਮੇਟੀ ਇੱਕ ਹਫ਼ਤੇ ਵਿੱਚ ਉਸ ਬੀੜ ਦਾ ਮੁਤਾਲਿਆ ਕਰਕੇ ਪੂਰੀ ਰੀਪੋਰਟ ਦੇਵੇਗੀ ਕਿ ਪਾਵਨ ਬੀੜ ਵਿੱਚ ਕਿਹੜੀ ਕਿਹੜੀ ਤਬਦੀਲੀ ਕੀਤੀ ਗਈ ਹੈ, ਕਿਉਂਕਿ ਸਿੱਖ ਬੁੱਕ ਕਲਬ ਰਾਹੀਂ ਇਹ ਦਾਅਵਾ ਕੀਤਾ ਗਿਆ ਹੈ ਕਿ ਉਸ ਨੇ ਬੀੜ ਦੀ ਛਪਾਈ ਸ਼੍ਰੋਮਣੀ ਕਮੇਟੀ ਦੁਆਰਾ ਸੰਨ 1952 ਵਿੱਚ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਮੁਤਾਬਿਕ ਅਤੇ ਸੰਨ 1974 ਤੇ 1996 ਵਿੱਚ ਗਠਤ ਕੀਤੀਆਂ ਸਬ ਕਮੇਟੀਆਂ ਦੁਆਰਾ ਪ੍ਰਗਟਾਏ ਪਾਠ-ਭੇਦਾਂ ਤੇ ਹਦਾਇਤਾਂ ਅਨੁਸਾਰ ਹੀ ਕਰਵਾਈ ਹੈ । ਆਪ ਜੀ ਨੂੰ ਗਿਆਤ ਹੋਵੇਗਾ ਕਿ ਸੰਨ 1952 ਵਿੱਚ ਸਿੱਖ ਸੰਗਤਾਂ ਦੀ ਮੰਗ ਅਨੁਸਾਰ ਦੁਕਾਨਦਾਰਾਂ ਵੱਲੋਂ ਅਸ਼ੁਧ ਬਾਣੀ ਛਾਪਣ ਤੇ ਲੁੱਟ-ਘਸੁੱਟ ਰੋਕਣ ਲਈ ਸ਼੍ਰੋਮਣੀ ਕਮੇਟੀ ਨੇ ਬੜੀ ਮੇਹਨਤ ਨਾਲ ਛਾਪੇ ਦੀਆਂ 733 ਅਸ਼ੁਧੀਆਂ ਸੋਧ ਕੇ ਅਤੇ ਬੀੜ ਦੇ ਮੰਗਲਾਂ ਨੂੰ ਕਰਤਾਰਪੁਰੀ ਬੀੜ ਮੁਤਾਬਕ ਸਿਰਲੇਖਾਂ ਤੋਂ ਪਹਿਲ ਦਿੰਦਿਆਂ ਪਾਵਨ ਬੀੜਾਂ ਦੀ ਛਪਾਈ ਦਾ ਅਹਿਮ ਕਾਰਜ ਕੀਤਾ । ਇਸ ਬੀੜ ਦੀਆਂ ਪੰਜ ਐਡੀਸ਼ਨਾਂ ਰਾਹੀਂ 5000 ਕਾਪੀਆਂ ਵੀ ਛਪੀਆਂ, ਪਰ ਅਫ਼ਸੋਸ ਕਿ ਪਹਿਲਾਂ ਸਹਿਮਤੀ ਪ੍ਰਗਟਾਉਣ ਵਾਲੇ ਚੀਫ਼ ਖ਼ਾਲਸਾ ਦੀਵਾਨ ਨੇ ਵਪਾਰੀ ਦੁਕਾਨਦਾਰਾਂ ਤੇ ਪੰਥਕ ਮਰਯਾਦਾ ਤੋਂ ਬਾਗੀ ਹੋਏ ਡੇਰੇਦਾਰਾਂ ਦੇ ਟੇਟੇ ਚੁੜਦਿਆਂ ਮੰਗਲਾਂ ਦੀ ਪਹਿਲ ਨੂੰ ਅਧਾਰ ਬਣਾ ਕੇ ਸ਼੍ਰੋਮਣੀ ਕਮੇਟੀ ਦੇ ਸਹੀ ਫੈਸਲੇ ਦੀ ਵਿਰੋਧਤਾ ਸ਼ੁਰੂ ਕਰ ਦਿੱਤੀ ।
ਸਿੱਟੇ ਵਜੋਂ ਸੰਨ 1959 ਵਿੱਚ ਸ਼੍ਰੋਮਣੀ ਕਮੇਟੀ ਨੇ ਪਾਵਨ ਬੀੜ ਦੀ ਸ਼ੁਧ ਛਪਾਈ ਦੇ ਫੈਸਲੇ ਨੂੰ ਬਦਲ ਦਿੱਤਾ ਤੇ ਆਮ ਦੁਕਾਨਦਾਰਾਂ ਵਾਂਗ ਹੀ ਮੰਗਲਾਂ ਤੇ ਸਿਰਲੇਖਾਂ ਦੀ ਬੇਤਰਤੀਬੀ ਸਹਿਤ ਬੀੜ ਛਾਪਣੀ ਸ਼ੁਰੂ ਕਰ ਦਿੱਤੀ । ਰੋਸ ਵਜੋਂ ਸ਼੍ਰੋਮਣੀ ਕਮੇਟੀ ਦੇ ਅਤਿ ਈਮਾਨਦਾਰ ਸਕਤਰ ਸ੍ਰ.ਰਵੇਲ ਸਿੰਘ ਜੀ ਨੇ ਅਸਤੀਫ਼ਾ ਦੇ ਦਿੱਤਾ । ਬੀੜ ਦੀ ਛਪਾਈ ਸਬੰਧੀ ਸੰਨ 1952 ਤੋਂ 1959 ਤਕ ਦੀ ਇਹ ਸਾਰੀ ਕਾਰਵਾਈ ਸ਼੍ਰੋਮਣੀ ਕਮੇਟੀ ਨੇ ਖ਼ੁਦ ਸੰਨ 1959 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ ਜ਼ਰੂਰੀ ਵਾਕਫ਼ੀਅਤ ਦੇ ਨਾਂ ਹੇਠ ਛਾਪ ਕੇ ਵੰਡੀ । ਜਨਵਰੀ ਸੰਨ 1974 ਵਿਖੇ ਸ਼੍ਰੋਮਣੀ ਕਮੇਟੀ ਨੇ ਪ੍ਰਾਚੀਨ ਹੱਥ ਲਿਖਤੀ ਬੀੜਾਂ ਤੇ ਕਮੇਟੀ ਦੀਆਂ ਗੁਰਬਾਣੀ ਦੀਆਂ ਪ੍ਰਕਾਸ਼ਨਾਵਾਂ ਵਿੱਚ ਪੈਦਾ ਹੋਏ ਪਾਠ-ਭੇਦਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੇ ਰੀਸਰਚ ਸਕਾਲਰ ਸ੍ਰ. ਰਣਧੀਰ ਸਿੰਘ ਦੀ ਅਗਵਾਈ ਵਿੱਚ ਜੋ ਖੋਜ ਕਮੇਟੀ ਨੀਯਤ ਕੀਤੀ , ਉਸ ਦੀ ਸਾਰੀ ਰੀਪੋਰਟ ਜਨਵਰੀ ਸੰਨ 1977 ਵਿੱਚ ਇੱਕ ਪੁਸਤਕ 'ਪਾਠ-ਭੇਦਾਂ ਦੀ ਸੂਚੀ' ਦੇ ਨਾਂ ਹੇਠ ਛਪਵਾ ਕੇ ਪੰਥਕ ਵਿਦਵਾਨਾਂ ਦੀ ਸਲਾਹ ਲੈਣ ਲਈ ਵੰਡੀ ਗਈ । ਉਸ ਪੁਸਤਕ ਦੀ ਭੂਮਿਕਾ ਸ੍ਰੀ ਦਰਬਾਰ ਸਾਹਿਬ ਜੀ ਦੇ ਮੁਖ ਗ੍ਰੰਥੀ ਗਿ. ਕ੍ਰਿਪਾਲ ਸਿੰਘ (ਸਿੰਘ ਸਾਹਿਬ) ਜੀ ਨੇ ਲਿਖੀ, ਜਿਹੜੇ ਆਪ ਟਕਸਾਲ ਭਿੰਡਰਾਂ ਦੇ ਵਿਦਿਆਰਥੀ ਰਹੇ ਸਨ ।
ਇਹ ਜਾਣਕਾਰੀ ਵੀ ਮਿਲਦੀ ਹੈ ਕਿ ਗੁਰਮਤਿ ਪ੍ਰਚਾਰ ਜਥਾ ਭਿੰਡਰਾਂ (ਟਕਸਾਲ ਭਿੰਡਰਾਂ) ਦੇ ਮੁਖੀ ਗਿ. ਗੁਰਬਚਨ ਸਿੰਘ ਖ਼ਾਲਸਾ ਜੀ ਨੇ ਕਮੇਟੀ ਦੀ 1976 ਵਾਲੀ ਉਪਰੋਕਤ ਰੀਪੋਰਟ ਤੋਂ ਪਹਿਲਾਂ ਹੀ ਪੰਥ ਨਾਲ ਇਹ ਜਾਣਕਾਰੀ ਸਾਂਝੀ ਕਰ ਦਿੱਤੀ ਸੀ ਕਿ 'ਸ੍ਰੀ ਕਰਤਾਰਪੁਰੀ ਬੀੜ' ਅਤੇ 'ਦਮਦਮੀ ਬੀੜ' (ਛਾਪੇ ਦੀ ਬੀੜ) ਵਿਚ 1500 ਤੋਂ ਵਧੇਰੇ ਪਾਠ-ਭੇਦ ਹਨ । ਇਹ ਸਭ ਕੁਝ ਉਨ੍ਹਾਂ ਦੀਆਂ ਦੋ ਪੁਸਤਕਾਂ 'ਗੁਰਬਾਣੀ ਪਾਠ ਦਰਸ਼ਨ' ਅਤੇ 'ਗੁਰਬਾਣੀ ਪਾਠ ਦਰਪਣ' ਵਿੱਚ ਪੜ੍ਹਿਆ ਜਾ ਸਕਦਾ ਹੈ । ਬਹੁਤ ਸਾਰੇ ਪੰਥ-ਦਰਦੀ ਸੱਜਣਾਂ ਦਾ ਮਤ ਹੈ ਕਿ ਜੇ ਸ਼੍ਰੋਮਣੀ ਕਮੇਟੀ ਉਸ ਵੇਲੇ ਹੀ ਖ਼ਾਲਸਾ ਜੀ ਨਾਲ ਮਿਲ ਕੇ ਪਾਵਨ ਬੀੜ ਦੇ ਪਾਠ-ਭੇਦ ਮਿਟਾਉਣ ਦਾ ਕੋਈ ਸਦੀਵੀ ਹੱਲ ਲੱਭਦੀ ਤਾਂ ਪੰਥ ਨੂੰ ਅਜੋਕੀ ਮੁਸੀਬਤ ਤੋਂ

ਬਚਾਇਆ ਜਾ ਸਕਦਾ ਸੀ ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ (ਸਿੰਘ ਸਾਹਿਬ) ਹੁਰਾਂ ਨੇ ਆਪਣੇ ਕਾਰਜ-ਕਾਲ ਵੇਲੇ ਅਨੁਭਵ ਕੀਤਾ ਕਿ ਸ਼੍ਰੋਮਣੀ ਕਮੇਟੀ ਦੀਆਂ ਆਪਣੀਆਂ ਗੁਰਬਾਣੀ ਪ੍ਰਕਾਸ਼ਨਾਵਾਂ (ਗੁਟਕੇ, ਪੋਥੀਆਂ ਤੇ ਪਾਵਨ ਬੀੜਾਂ) ਵਿੱਚ ਵੀ ਫ਼ਰਕ ਹਨ । ਇਸ ਲਈ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਸਲਾਹ ਨਾਲ ਸੰਨ 1996 ਵਿੱਚ ਅਖੰਡ ਕੀਰਤਨੀ ਜਥੇ ਦੇ ਵਿਦਵਾਨ ਭਾਈ ਜੋਗਿੰਦਰ ਸਿੰਘ ਤਲਵਾੜਾ ਦੀ ਅਗਵਾਈ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ' ਨਾਂ ਦੀ ਟੀਮ ਬਣਾਈ । ਇਨ੍ਹਾਂ ਵਿਚੋਂ ਸ੍ਰੀ ਦਰਬਾਰ ਸਾਹਿਬ ਜੀ ਦੇ ਤਤਕਾਲੀ ਗ੍ਰੰਥੀ ਗਿ. ਜੋਗਿੰਦਰ ਸਿੰਘ ਵੇਦਾਂਤੀ ਅਤੇ ਅਰਦਾਸੀਏ ਗਿ. ਭਰਪੂਰ ਸਿੰਘ ਜੀ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਣਨ ਯੋਗ ਹਨ । ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਰਣਜੀਤ ਸਿੰਘ ਜੀ ਨੇ ਸੰਨ 1998 ਵਿੱਚ ਫਿਰ ਜ਼ੋਰਦਾਰ ਹੰਭਲਾ ਮਾਰਿਆ; ਕਿਉਂਕਿ ਉਨ੍ਹਾਂ ਨੇ ਟਕਸਾਲ ਚੌਕ ਮਹਿਤਾ ਸਮੇਤ ਹੋਰ ਕਈ ਸਿੱਖ ਸੰਪਰਦਾਵਾਂ ਅਤੇ ਸਿੱਖ ਵਿਦਵਾਨਾਂ ਦੀ ਮੀਟਿੰਗ ਬੁਲਾ ਕੇ ਪ੍ਰਵਾਨਗੀ ਲਈ ਅਤੇ ਉਪਰੋਕਤ ਕਮੇਟੀ ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸ੍ਰ. ਪ੍ਰਕਾਸ਼ ਸਿੰਘ, ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਬਿਕਰਮ ਸਿੰਘ ਅਤੇ ਸਿੱਖ ਸੰਪਰਦਾਵਾਂ ਵੱਲੋਂ ਗਿ. ਅਵਤਾਰ ਸਿੰਘ ਬਧਨੀ ਕਲਾਂ ਵਾਲਿਆਂ ਨੂੰ ਸ਼ਾਮਲ ਕੀਤਾ । ਗਿ. ਜੋਗਿੰਦਰ ਸਿੰਘ ਵੇਦਾਂਤੀ ਇਸ ਕਮੇਟੀ ਦੇ ਚੇਅਰਮੈਨ ਨਿਯੁਕਤ ਹੋਏ ।

ਇਸ ਕਮੇਟੀ ਨੇ ਵੀ ਪਾਠ-ਭੇਦਾਂ ਤੇ ਹੋਰ ਅਨੁਭਵੀ ਹਦਾਇਤਾਂ ਸਹਿਤ 6 ਸਾਲ ਪਿੱਛੋਂ ਆਪਣੀ ਰੀਪੋਰਟ ਸ਼੍ਰੋਮਣੀ ਕਮੇਟੀ ਨੂੰ ਪੇਸ਼ ਕੀਤੀ । ਹਥ ਲਿਖਤ ਤੇ ਛਾਪੇ ਦੀਆਂ ਵਿਸ਼ੇਸ਼ ਪਾਵਨ ਬੀੜਾਂ, ਸ਼ਬਦਾਰਥ, ਸੰਥਾ ਪੋਥੀਆਂ ਅਤੇ ਗੁਟਕਿਆਂ ਦੇ ਰੂਪ ਵਿੱਚ ਕਮੇਟੀ ਦੀਆਂ ਗੁਰਬਾਣੀ ਪ੍ਰਕਾਸ਼ਨਾਵਾਂ ਅਤੇ ਹੋਰ ਕਈ ਵਿਸ਼ੇਸ਼ ਹੱਥ ਲਿਖਤੀ ਬੀੜਾਂ ਦੇ ਆਪਸੀ ਮਿਲਾਨ ਦੀ ਉਹ ਸਾਰੀ ਮਿਹਨਤ ਦਰਜਨ ਤੋਂ ਵਧ ਰਜਿਸਟਰਾਂ ਦੇ ਰੂਪ ਵਿੱਚ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਵਿਖੇ ਹੁਣ ਵੀ ਵਾਚੀ ਜਾ ਸਕਦੀ ਹੈ । ਤਲਵਾੜਾ ਜੀ ਤੇ ਜਥੇਦਾਰ ਵੇਦਾਂਤੀ ਜੀ ਵਰਗੇ ਕਈ ਖੋਜੀ ਵਿਦਵਾਨ ਪਾਠ-ਭੇਦਾਂ ਦੀ ਨਿਵਿਰਤੀ ਪੱਖੋਂ ਕੂਕਦੇ ਸੰਸਾਰ ਤੋਂ ਕੂਚ ਕਰ ਗਏ, ਪਰ ਅਫ਼ਸੋਸ ਕਿ ਰਾਜਨੀਤਕ ਨੇਤਾਵਾਂ ਦੇ ਪ੍ਰਭਾਵ ਹੇਠ ਸ਼੍ਰੋਮਣੀ ਕਮੇਟੀ ਨੇ ਖੋਜੀ ਵਿਦਵਾਨਾਂ ਦੀਆਂ ਸਲਾਹਾਂ ਨੂੰ ਕਦੇ ਵੀ ਅਮਲ ਵਿੱਚ ਲਿਆਉਣ ਪ੍ਰਤੀ ਗੰਭੀਰਤਾ ਨਾ ਵਖਾਈ । ਸ਼ੁਕਰ ਹੈ ਕਿ ਅਜੇ ਵੀ ਪ੍ਰਾਚੀਨ ਹੱਥ ਲਿਖਤੀ ਬੀੜਾਂ ਦੇ ਉਨ੍ਹਾਂ ਖੋਜੀ ਤੇ ਗੁਰਬਾਣੀ ਲਿਖਤ ਨੀਯਮਾਂ ਦੇ ਮਾਹਰ ਵਿਦਵਾਨਾਂ ਵਿੱਚੋਂ ਗਿ. ਭਰਪੂਰ ਸਿੰਘ ਸਾਡੇ ਵਿੱਚ ਮੌਜੂਦ ਹਨ, ਜਿਹੜੇ ਸ਼੍ਰੋਮਣੀ ਕਮੇਟੀ ਚੋਂ 40 ਸਾਲ ਦੀ ਸੇਵਾ ਪਿਛੋਂ ਰੀਟਾਇਰ ਹੋਣ ਉਪਰੰਤ ਬਾਬਾ ਸੇਵਾ ਸਿੰਘ ਜੀ ਦੇ ਗੁਰਮਤਿ ਵਿਦਿਆਲੇ ਸ੍ਰੀ ਖਡੂਰ ਸਾਹਿਬ ਵਿਖੇ ਸੰਥਿਆ ਦੀ ਸੇਵਾ ਨਿਭਾ ਰਹੇ ਹਨ ।

ਪ੍ਰਧਾਨ ਜੀ ! ਅਮਰੀਕਾ ਨਿਵਾਸੀ ਸ੍ਰ. ਥਮਿੰਦਰ ਸਿੰਘ ਦੇ ਅਖ਼ਬਾਰਾਂ ਵਿੱਚ ਛਪੇ ਪ੍ਰੈਸ ਨੋਟ ਨੂੰ ਪੜ੍ਹ ਕੇ ਸਾਨੂੰ ਖ਼ਤਰਾ ਅਨੁਭਵ ਹੁੰਦਾ ਹੈ ਕਿ ਜਥੇਦਾਰ ਜੀ ਦੇ ਬਿਆਨ ਮੁਤਾਬਿਕ ਜਿਹੜਾ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਪਾਈ ਸਬੰਧੀ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਨੂੰ ਹਾਈਕੋਰਟ ਵਿੱਚ ਚੈਲਿੰਜ ਕਰ ਸਕਦਾ ਹੈ, ਉਹ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਪਾਵਨ ਬੀੜਾਂ ਅਤੇ ਪਾਠ-ਭੇਦਾਂ ਸਬੰਧੀ ਉਕਤ ਰੀਪੋਟਾਂ 'ਤੇ ਅਧਾਰਿਤ ਅਜਿਹਾ ਸੁਆਲ ਵੀ ਖੜਾ ਕਰ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਪੱਖੋਂ ਵੀ ਵੱਡੀਆਂ ਉਕਾਈਆਂ ਹੋ ਰਹੀਆਂ ਹਨ, ਕਿਉਂ ? ਅਸਲੀਅਤ ਇਹ ਹੈ ਕਿ ਅਜਿਹੇ ਸੁਆਲ ਦਾ ਸ਼੍ਰੋਮਣੀ ਕਮੇਟੀ ਕੋਲ ਕੋਈ ਵਾਜਬ ਜਵਾਬ ਨਹੀਂ ਹੋਵੇਗਾ, ਕਿਉਂਕਿ ਉਕਤ ਰੀਪੋਟਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਤਿਕਾਰਤ ਕਈ ਜਥੇਦਾਰਾਂ, ਸ੍ਰੀ ਦਰਬਾਰ ਸਾਹਿਬ ਜੀ ਦੇ ਮੁਖ ਗਰੰਥੀ ਸਿੰਘਾਂ ਅਤੇ ਹੋਰ ਕਈ ਸਿੰਘ ਸਾਹਿਬਾਨਾਂ ਤੇ ਉੱਚ-ਕੋਟੀ ਦੇ ਗੁਰਸਿੱਖ ਵਿਦਵਾਨਾਂ ਦੀ ਸਹਿਮਤੀ ਵੀ ਸ਼ਾਮਲ ਹੈ ।

ਇਸ ਲਈ ਪੰਥਕ ਹਿਤਾਂ ਵਿੱਚ ਸਾਡੀ ਤਾਂ ਅਤਿਅੰਤ ਨਿਮਰਤਾ ਸਹਿਤ ਇਹੀ ਬੇਨਤੀ ਹੈ ਕਿ ਮਸਲੇ ਨੂੰ ਵਕਤੀ ਤੌਰ 'ਤੇ ਦਬਾਉਣ ਦੀ ਥਾਂ ਇਸ ਦੇ ਸਦੀਵੀ ਹੱਲ ਵੱਲ ਵਧਿਆ ਜਾਵੇ । ਕਾਰਣ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਉਪਰੰਤ ਥਮਿੰਦਰ ਸਿੰਘ ਨੇ ਅਖ਼ਬਾਰਾਂ ਰਾਹੀਂ ਜੋ ਆਪਣਾ ਪ੍ਰਤੀਕਰਮ ਪ੍ਰਗਟ ਕੀਤਾ ਹੈ, ਉਸ ਦੇ ਅੰਤ ਵਿੱਚ ਲਿਖਿਆ ਹੈ ਕਿ ਮੈਂ ਇਹ ਬੇਨਤੀਆਂ ਸਿੱਖ ਪੰਥ ਦੀ ਕਚਿਹਰੀ ਵਿੱਚ ਇਸ ਸੁੱਚੀ ਭਾਵਨਾ ਨਾਲ ਇਸ ਲਈ ਰੱਖ ਰਿਹਾ ਹਾਂ, ਤਾਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਦੀ ਬਜਾਏ (ਉਕਤ ਮਸਲੇ ਦਾ) ਕੋਈ ਸਰਬ-ਦੇਸ਼ੀ ਤੇ ਸਰਬ-ਕਾਲੀ ਮਿਸਾਲੀ ਪੰਥਕ ਹੱਲ ਕਢਿਆ ਜਾ ਸਕੇ । ਇਸ ਲਈ ਚੰਗਾ ਹੋਵੇ ਕਿ ਸੰਨ 1974 ਤੋਂ ਉਕਤ ਮਸਲੇ ਨਾਲ ਜੁੜੇ ਹੋਏ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਅਰਦਾਸੀਏ ਗਿ. ਭਰਪੂਰ ਸਿੰਘ ਜੀ ਦੀ ਅਗਵਾਈ ਵਿੱਚ ਮਿਸ਼ਨਰੀ ਕਾਲਜਾਂ ਅਤੇ ਸਿੱਖ ਸੰਪਰਦਾਵਾਂ ਦੇ ਦੋ ਦੋ ਵਿਦਵਾਨ ਲਗਾਏ ਜਾਣ । ਇਨ੍ਹਾਂ ਰਾਹੀਂ ਪ੍ਰਾਚੀਨ ਹੱਥ ਲਿਖਤੀ ਬੀੜਾਂ ਦੇ ਖੋਜੀ ਪ੍ਰੋਫੈਸਰ ਡਾ. ਅਮਰ ਸਿੰਘ (ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ) ਅਤੇ ਗੁਰਬਾਣੀ ਵਿਆਕਰਣ ਤੇ ਭਾਸ਼ਾ ਵਿਗਿਆਨੀ ਪ੍ਰੋ. ਹਰਜਿੰਦਰ ਸਿੰਘ ਘਰਸਾਣਾ (ਖ਼ਾਲਸਾ ਕਾਲਜ ਗੰਗਾਨਗਰ) ਵਰਗੇ ਵਿਦਵਾਨਾਂ ਦਾ ਲਾਭ ਵੀ ਲਿਆ ਜਾਏ । ਪਹਿਲਾਂ ਇਹ ਕਮੇਟੀ ਥਮਿੰਦਰ ਸਿੰਘ

ਦੁਆਰਾ ਛਾਪੀ ਬੀੜ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਪਾਵਨ ਬੀੜ ਦਾ ਮਿਲਾਨ ਕਰਕੇ ਅੰਤਰ ਲੱਭੇ ਅਤੇ ਫਿਰ ਸ਼ੁਧ ਛਪਾਈ ਦੇ ਸਦੀਵੀ ਹੱਲ ਦਾ ਕੋਈ ਪੰਥ ਪ੍ਰਵਾਣਿਤ ਨਿਰਣਾ ਦੇਵੇ ।

ਪ੍ਰਧਾਨ ਜੀ ! ਪਾਵਨ ਬੀੜਾਂ ਦੇ ਮਿਲਾਨ ਅਤੇ ਪਾਠ-ਭੇਦਾਂ ਦੇ ਸਹੀ ਨਿਰਣਿਆਂ ਵਾਲਾ ਇਹ ਅਤਿ ਸੰਵੇਦਨਸ਼ੀਲ ਕਾਰਜ ਕੰਮ ਇਕ ਦੋ ਹਫ਼ਤਿਆਂ ਵਿੱਚ ਹੋਣ ਵਾਲਾ ਨਹੀਂ, ਲੰਮੇ ਸਮੇਂ ਤੇ ਧੀਰਜ ਦੀ ਲੋੜ ਹੋਵੇਗੀ । ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾਂ ਦੀ ਪੁਸਤਕ ਵੀ ਉਪਰੋਕਤ ਪੱਖੋਂ ਸਹਾਇਕ ਹੋ ਸਕਦੀ ਹੈ । 'ਗੁਰੂ ਗ੍ਰੰਥ ਪ੍ਰੰਪਰਾ ਤੇ ਇਤਿਹਾਸ' (ਪੰਨਾ 200) 'ਤੇ ਗੁਰੂ ਨਾਨਕ ਯੂਨੀਵਰਸਿਟੀ ਦਾ ਪ੍ਰਸਿੱਧ ਵਿਦਵਾਨ ਲਿਖਦਾ ਹੈ : "ਇਸ ਤੋਂ ਪਹਿਲਾਂ ਕਿ ਕਿ ਬਿਗਾਨੇ ਸਾਡੇ ਧਰਮ ਗ੍ਰੰਥ ਉਪਰ ਉਂਗਲ ਉਠਾਉਣ, ਸਾਨੂੰ ਪੰਥਕ ਤੌਰ 'ਤੇ ਯਤਨ ਕਰਕੇ ਐਸੇ ਪਾਠ-ਭੇਦਾਂ ਨੂੰ ਠੀਕ ਕਰ ਲੈਣਾ ਚਾਹੀਦਾ ਹੈ । ਇਸ ਵਿੱਚ ਨਾ ਤਾਂ ਮਿਹਣੇ ਵਾਲੀ ਅਤੇ ਨਾ ਹੀ ਸ਼ਰਮ ਵਾਲੀ ਗੱਲ ਹੈ । ਸਭ ਧਰਮ ਗ੍ਰੰਥ ਸਮੇਂ ਦੇ ਨਾਲ ਦੂਸ਼ਿਤ ਹੁੰਦੇ ਆਏ ਹਨ । ਸੂਝਵਾਨ ਕੌਮਾਂ ਚਾਰ ਸਦੀਆਂ ਤੀਕ ਅਜਿਹੇ ਗੰਭੀਰ ਕੰਮ ਕਰਨ ਲਈ ਇੰਤਜ਼ਾਰ ਨਹੀਂ ਕਰਦੀਆਂ । ਹੱਠ ਛੱਡ ਕੇ ਆਪਣੀ ਸੋਚ ਨੂੰ ਖੁਲ੍ਹਾ ਕਰਨ ਨਾਲ ਮਸਲੇ ਹੱਲ ਹੋ ਸਕਦੇ ਹਨ । ਵਿਦਵਾਨਾਂ ਨੂੰ ਨਿੰਦਣ ਨਾਲ ਕੋਈ ਫਾਇਦਾ ਨਹੀਂ ।" ਇਸ ਲਈ ਪੂਰਨ ਆਸ ਹੈ ਕਿ ਤੁਸੀਂ ਸਾਡੀ ਪੰਥ ਹਿਤਕਾਰੀ ਤੇ ਸਾਂਝੀ ਬੇਨਤੀ ਪ੍ਰਵਾਨ ਕਰੋਗੇ । ਪੰਥਕ ਸੇਵਾਦਾਰ ਹੋਣ ਨਾਤੇ ਅਸੀਂ ਤੁਹਾਡੇ ਨਾਲ ਵਾਦਾ ਕਰਦੇ ਹਾਂ ਕਿ ਜੇ ਸਾਡੀ ਲੋੜ ਸਮਝੋ ਤਾਂ ਅਸੀਂ ਵੀ ਇਸ ਸੋਧ-ਸੁਧਾਈ ਦੇ ਪਥੰਕ ਕਾਰਜ ਵਿੱਚ ਸਹਾਇਕ ਹੋਣ ਲਈ ਸਦਾ ਤਤਪਰ ਰਹਾਂਗੇ । ਭੁੱਲ-ਚੁੱਕ ਮੁਆਫ਼ ।

ਗੁਰੂ ਗ੍ਰੰਥ ਤੇ ਪੰਥ ਦੇ ਚਾਕਰ :

ਮਨਜੀਤ ਸਿੰਘ (ਸਿੰਘ ਸਾਹਿਬ) ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ । ਕੇਵਲ ਸਿੰਘ (ਸਿੰਘ ਸਾਹਿਬ) ਸਾਬਕਾ ਮੁਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ । ਸੰਪਰਕ ਲਈ ਵਟਸਐਪ ਫੋਨ
ਜਗਤਾਰ ਸਿੰਘ ਜਾਚਕ (ਸਿੰਘ ਸਾਹਿਬ) ਸਾਬਕਾ ਗੰ੍ਰਥੀ ਸ੍ਰੀ ਦਰਬਾਰ ਸਾਹਿਬ ਅਤੇ ਆਨਰੇਰੀ ਸਿੱਖ ਮਿਸ਼ਨਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ।